# Visit of the Foreign Secretary to Russia (February 17-18, 2021)

February 18, 2021

---

# ਵਿਦੇਸ਼ ਸਕੱਤਰ ਦੀ ਰੂਸੀ ਫੇਰੀ (17-18 ਫਰਵਰੀ, 2021)

18 ਫਰਵਰੀ, 2021

1. ਵਿਦੇਸ਼ ਸਕੱਤਰ ਸ੍ਰੀ ਹਰਸ਼ਵਰਧਨ ਸ਼੍ਰੀਂਗਲਾ ਭਾਰਤ-ਰੂਸ ਵਿਦੇਸ਼ ਦਫਤਰਾਂ ਦੇ ਮਸ਼ਵਰੇ ਲਈ 17-18 ਫਰਵਰੀ 2021 ਤੱਕ ਮਾਸਕੋ ਦੇ ਅਧਿਕਾਰਤ ਦੌਰੇ 'ਤੇ ਹਨ।

2. ਵਿਦੇਸ਼ ਸਕੱਤਰ ਨੇ ਕੱਲ੍ਹ ਰੂਸੀ ਵਿਦੇਸ਼ ਮੰਤਰੀ ਮਹਾਮਹਿਮ ਸ੍ਰੀ ਸਰਗੇਈ ਲਾਵਰੋਵ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਭਾਰਤੀ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਵੱਲੋਂ ਵਿਦੇਸ਼ ਮੰਤਰੀ ਲਵਾਰੋਵ ਨੂੰ ਆਪਸੀ ਸਹੂਲਤ ਦੇ ਸਮੇਂ 'ਤੇ ਭਾਰਤ ਆਉਣ ਸਬੰਧੀ ਲਿਖਿਆ ਸੱਦਾ ਪੱਤਰ ਸੌਂਪਿਆ। ਵਿਦੇਸ਼ ਮੰਤਰੀ ਲਵਰੋਵ ਨੇ ਇਸ ਸੱਦੇ ਨੂੰ ਪਰਵਾਨ ਕੀਤਾ ਅਤੇ ਛੇਤੀ ਹੀ ਭਾਰਤ ਆਉਣ ਦੀ ਇੱਛਾ ਜ਼ਾਹਰ ਕੀਤੀ।

3. ਕੱਲ੍ਹ ਰੂਸੀ ਉਪ ਵਿਦੇਸ਼ ਮੰਤਰੀ ਮਹਾਮਹਿਮ ਸ੍ਰੀ ਈਗੋਰ ਮੋਰਗੁਲੋਵ ਨਾਲ ਵਿਚਾਰ ਵਟਾਂਦਰੇ ਦੌਰਾਨ ਦੋਵਾਂ ਪੱਖਾਂ ਨੇ ਦੁਵੱਲੇ ਸਬੰਧਾਂ ਦੇ ਮਹੱਤਵਪੂਰਣ ਪਹਿਲੂਆਂ ਦਾ ਜਾਇਜ਼ਾ ਲਿਆ ਅਤੇ ਖੇਤਰੀ ਅਤੇ ਆਲਮੀ ਮੁੱਦਿਆਂ ‘ਤੇ ਵੀ ਵਿਚਾਰ ਵਟਾਂਦਰੇ ਕੀਤੇ। ਦੋਵਾਂ ਪੱਖਾਂ ਨੇ ਇਸ ਸਾਲ ਸਲਾਨਾ ਦੁਵੱਲੇ ਸੰਮੇਲਨ ਸਮੇਤ ਉੱਚ ਪੱਧਰੀ ਵਟਾਂਦਰੇ ਦੀ ਰੂਪਰੇਖਾ 'ਤੇ ਸਹਿਮਤੀ ਦਿੱਤੀ।

4. ਵਿਦੇਸ਼ ਸਕੱਤਰ ਨੇ ਅੱਜ ਰੂਸੀ ਉਪ ਵਿਦੇਸ਼ ਮੰਤਰੀ ਮਹਾਮਹਿਮ ਸ੍ਰੀ ਸਰਗੇਈ ਰਿਆਬਕੋਵ ਨਾਲ ਵੀ ਬਹੁਪੱਖੀ ਮੁੱਦਿਆਂ 'ਤੇ, ਵਿਸ਼ੇਸ਼ ਤੌਰ 'ਤੇ ਹਥਿਆਰਬੰਦੀ ਅਤੇ ਗੈਰ-ਪ੍ਰਸਾਰ ਦੇ ਮੁੱਦਿਆਂ 'ਤੇ, ਡੂੰਘਾ ਵਿਚਾਰ ਵਟਾਂਦਰਾ ਕੀਤਾ।

5. ਕੱਲ੍ਹ ਰੂਸੀ ਡਿਪਲੋਮੈਟਿਕ ਅਕਾਦਮੀ ਵਿੱਚ ਆਪਣੀ ਗੱਲਬਾਤ ਦੌਰਾਨ ਵਿਦੇਸ਼ ਸਕੱਤਰ ਨੇ ਆਲਮੀ ਪਰਿਪੇਖ ਵਿੱਚ ਭਾਰਤ-ਰੂਸ ਭਾਈਵਾਲੀ ਦੀ ਮਹੱਤਤਾ 'ਤੇ ਚਾਨਣਾ ਪਾਇਆ। ਵਿਦੇਸ਼ ਸਕੱਤਰ ਨੇ ਅੱਜ ਰੂਸ ਦੇ ਵਿਚਾਰਕ ਮੰਚਾਂ ਦੇ ਮਾਹਰਾਂ ਨਾਲ ਦੁਵੱਲੇ ਅਤੇ ਭਖਦੇ ਆਲਮੀ ਮੁੱਦਿਆਂ 'ਤੇ ਭਰਪੂਰ ਵਿਚਾਰ ਵਟਾਂਦਰਾ ਕੀਤਾ।

6. ਵਿਦੇਸ਼ ਸਕੱਤਰ ਦੀ ਫੇਰੀ ਤੋਂ ਪਹਿਲਾਂ 15 ਫਰਵਰੀ, 2021 ਨੂੰ ਮਾਸਕੋ ਵਿਖੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ (UNSC) ਨਾਲ ਜੁੜੇ ਮੁੱਦਿਆਂ ਅਤੇ ਡੀਜੀ ਪੱਧਰ 'ਤੇ ਨੀਤੀਗਤ ਵਿਉਂਤਬੰਦੀ ਬਾਰੇ ਵਿਦੇਸ਼ ਦਫਤਰਾਂ ਦੇ ਮਸ਼ਵਰੇ ਹੋਏ ਸਨ।

7. ਇਹ ਦੌਰਾ ਇਸ ਸਾਲ ਦੁਵੱਲੇ ਸੰਬੰਧਾਂ ਲਈ ਕਾਰਜਾਂ ਦੀ ਯੋਜਨਾ ਦੀ ਪਛਾਣ ਕਰਕੇ ਭਾਰਤ ਅਤੇ ਰੂਸ ਵਿਚਾਲੇ ਨਜ਼ਦੀਕੀ, ਰਣਨੀਤਕ ਅਤੇ ਵਿਸ਼ੇਸ਼ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਵਿੱਚ ਲਾਹੇਵੰਦ ਰਿਹਾ ਹੈ; ਸਾਡੇ ਰਣਨੀਤਕ ਸੰਬੰਧਾਂ ਦੇ ਨਵੇਂ ਕਾਰਕਾਂ ਬਾਰੇ ਸਮਝੌਤੇ, ਜਿਨ੍ਹਾਂ ਵਿੱਚ ਰੂਸ ਵੱਲੋਂ 'ਆਤਮਨਿਰਭਰ' ਪ੍ਰੋਗਰਾਮ ਤਹਿਤ ਭਾਰਤ ਵਿੱਚ ਨਿਵੇਸ਼ ਕਰਨ ਦੀ ਇੱਛਾ ਸ਼ਾਮਲ ਹੈ; ਇਸਦੇ ਨਾਲ ਨਾਲ UNSC ਵਿੱਚ ਭਾਰਤ ਦੀ ਮੌਜੂਦਾ ਆਰਜ਼ੀ ਸਦੱਸਤਾ ਅਤੇ BRICS ਦੀ ਪ੍ਰਧਾਨਗੀ ਦੌਰਾਨ ਬਹੁਪੱਖੀ ਮੋਰਚੇ 'ਤੇ ਨੇੜਲਾ ਤਾਲਮੇਲ ਵੀ ਸ਼ਾਮਲ ਹਨ।

ਮਾਸਕੋ

18 ਫਰਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.